ਆਇਰਲੈਂਡ

euaa
EUROPEAN UNION AGENCY FOR ASYLUM

# ਮੇਰਾ ਨਿੱਜੀ ਡੇਟਾ EURODAC ਨੂੰ ਕਿਉਂ ਭੇਜਿਆ ਜਾਂਦਾ ਹੈ?

ਟਾਈਪ A

**ਅੰਤਰਰਾਸ਼ਟਰੀ ਸੁਰੱਖਿਆ ਲਈ ਬਿਨੈਕਾਰ**



PUNJABI

## ਮੈਨੂੰ ਇਹ ਬਰੋਸ਼ਰ ਕਿਉਂ  ਦਿੱਤਾ ਗਿਆ ਹੈ?

ਤੁਸੀਂ ਇਸ ਦੇਸ਼ ਵਿੱਚ ਅੰਤਰਰਾਸ਼ਟਰੀ ਸੁਰੱਖਿਆ ਲਈ ਅਰਜ਼ੀ ਦਿੱਤੀ ਹੈ, ਜਿਸਨੂੰ ਅਸਾਇਲਮ ਵੀ ਕਿਹਾ ਜਾਂਦਾ ਹੈ।

ਇਹ ਬਰੋਸ਼ਰ ਅਥਾਰਿਟੀਜ਼ ਦੁਆਰਾ ਸਟੋਰ ਕੀਤੇ ਜਾਣ ਵਾਲੇ ਡੇਟਾ ਅਤੇ ਕਿੰਨੇ ਸਮੇਂ ਲਈ ਵਧੇਰੇ ਜਾਣਕਾਰੀ ਪ੍ਰਦਾਨ ਕਰਦਾ ਹੈ।

## ਮੈਨੂੰ ਆਪਣੇ ਫਿੰਗਰਪ੍ਰਿੰਟ ਅਤੇ ਫ਼ੋਟੋਗ੍ਰਾਫ ਕਿਉਂ ਦੇਣੇ ਪੈਣਗੇ?

ਇਸ ਦੇਸ਼ ਦੇ ਅਥਾਰਿਟੀਜ਼ ਤੁਹਾਡੇ ਫਿੰਗਰਪ੍ਰਿੰਟਸ ਅਤੇ ਫੋਟੋ ਲੈਣਗੇ। ਇਹ ਡੇਟਾ, ਤੁਹਾਡੀ ਪਛਾਣ ਅਤੇ ਹੋਰ ਸੰਬੰਧਿਤ ਜਾਣਕਾਰੀ ਦੇ ਨਾਲ, Eurodac ਡੇਟਾਬੇਸ ਵਿੱਚ ਟ੍ਰਾਂਸਮਿਟ ਕੀਤਾ ਜਾਵੇਗਾ।

Eurodac ਕੁਝ ਸ਼੍ਰੇਣੀਆਂ ਦੇ ਲੋਕਾਂ ਨੂੰ ਜੋ ਕਿਸੇ EU+ ਦੇਸ਼ ਦੇ ਨਾਗਰਿਕ ਨਹੀਂ ਹਨ, ਉਹਨਾਂ ਦੇ ਫਿੰਗਰਪ੍ਰਿੰਟਸ ਅਤੇ ਫੋਟੋ ਦੇ ਵਿਲੱਖਣ ਸੈੱਟ ਨਾਲ ਜੋੜਦਾ ਹੈ।

ਇਹ ਡੇਟਾਬੇਸ 31 EU+ ਦੇਸ਼ਾਂ ਦੁਆਰਾ ਵਰਤਿਆ ਜਾਂਦਾ ਹੈ ਜੋ ਤੁਹਾਡੀ ਜਾਣਕਾਰੀ ਪ੍ਰਾਪਤ ਕਰਨ ਲਈ ਤੁਹਾਡੇ ਡੇਟਾ ਦੀ ਪ੍ਰੋਸੈਸ ਕਰ ਸਕਦੇ ਹਨ। ਇਸ ਬਰੋਸ਼ਰ ਦੇ ਅੰਤ ਵਿੱਚ EU+ ਦੇਸ਼ ਸੂਚੀਬੱਧ ਕੀਤੇ ਹਨ।

# ਅਸਾਇਲਮ ਅਤੇ ਮਾਈਗ੍ਰੇਸ਼ਨ ਮੈਨਜਮੈਂਟ ਰੈਗੂਲੇਸ਼ਨ ਕੀ ਹੈ?



EU+ ਦੇਸ਼ ਇੱਕ ਸਾਂਝੇ ਕਾਨੂੰਨ ਲਈ ਸਹਿਮਤ ਹੋਏ ਜਿਸਨੂੰ ਅਸਾਇਲਮ ਅਤੇ ਪ੍ਰਵਾਸ ਪ੍ਰਬੰਧਨ ਨਿਯਮ ਕਿਹਾ ਜਾਂਦਾ ਹੈ ਜੋ ਇਹ ਫੈਸਲਾ ਕਰਨ ਵਿੱਚ ਮਦਦ ਕਰਦਾ ਹੈ ਕਿ ਕਿਸ ਦੇਸ਼ ਨੂੰ ਅੰਤਰਰਾਸ਼ਟਰੀ ਸੁਰੱਖਿਆ ਲਈ ਅਰਜ਼ੀ ਦੀ ਜਾਂਚ ਕਰਨ ਦੀ ਲੋੜ ਹੈ। ਇਹ ਕਾਨੂੰਨ EU+ ਦੇਸ਼ਾਂ ਨੂੰ ਇੱਕ ਦੂਜੇ ਦੀ ਮਦਦ ਕਰਨ ਦੀ ਵੀ ਇਜਾਜ਼ਤ ਦਿੰਦਾ ਹੈ ਜੇਕਰ ਇੱਕ ਦੇਸ਼ ਇੱਕੋ ਸਮੇਂ ਬਹੁਤ ਸਾਰੀਆਂ ਅਰਜ਼ੀਆਂ ਪ੍ਰਾਪਤ ਕਰਦਾ ਹੈ।

ਤੁਹਾਨੂੰ ਗਰੰਟੀ ਹੈ ਕਿ EU+ ਦੇਸ਼ਾਂ ਵਿੱਚੋਂ ਇੱਕ ਅੰਤਰਰਾਸ਼ਟਰੀ ਸੁਰੱਖਿਆ ਲਈ ਤੁਹਾਡੀ ਅਰਜ਼ੀ ਦੀ ਜਾਂਚ ਕਰੇਗਾ ਪਰ ਤੁਸੀਂ ਇਹ ਨਹੀਂ ਚੁਣ ਸਕਦੇ ਕਿ ਕਿਹੜਾ EU+ ਦੇਸ਼ ਜ਼ਿੰਮੇਵਾਰ ਹੋਵੇਗਾ। ਤੁਹਾਡੀ ਅਰਜ਼ੀ ਦੀ ਜਾਂਚ ਕਰਨ ਵਾਲਾ ਦੇਸ਼ ਅਸਾਇਲਮ ਅਤੇ ਮਾਈਗ੍ਰੇਸ਼ਨ ਮੈਨਜਮੈਂਟ ਰੈਗੂਲੇਸ਼ਨ ਦੇ ਨਿਯਮਾਂ ਦੁਆਰਾ ਫੈਸਲਾ ਕੀਤਾ ਜਾਵੇਗਾ।

ਜੇਕਰ ਤੁਸੀਂ ਬਿਨਾਂ ਇਜਾਜ਼ਤ ਦੇ ਕਿਸੇ ਹੋਰ EU+ ਦੇਸ਼ ਵਿੱਚ ਚਲੇ ਜਾਂਦੇ ਹੋ ਅਤੇ ਤੁਹਾਡੇ ਫਿੰਗਰਪ੍ਰਿੰਟ ਦੁਬਾਰਾ ਲਏ ਜਾਂਦੇ ਹਨ, ਤਾਂ ਤੁਹਾਡਾ ਸਾਰਾ ਡੇਟਾ ਜੋ Eurodac ਵਿੱਚ ਸਟੋਰ ਕੀਤਾ ਜਾਂਦਾ ਹੈ, ਉਸ ਦੇਸ਼ ਦੇ ਅਥਾਰਿਟੀਜ਼ ਦੁਆਰਾ ਦੇਖਿਆ ਜਾਵੇਗਾ।

**ਤੁਸੀਂ ਹੁਣ ਆਇਰਲੈਂਡ ਵਿੱਚ ਹੋ ਜੋ ਇੱਕ EU+ ਦੇਸ਼ ਹੈ।**
**EU+ ਦੇਸ਼ ਇਹ ਹਨ:**

- ਯੂਰਪੀਅਨ ਯੂਨੀਅਨ (EU) ਦੇ 27 ਮੈਂਬਰ ਰਾਜ: ਆਸਟਰੀਆ, ਬੈਲਜੀਅਮ, ਬੁਲਗਾਰੀਆ, ਕਰੋਸ਼ੀਆ, ਸਾਈਪ੍ਰਸ, ਚੈੱਕੀਆ, ਡੈਨਮਾਰਕ, ਐਸਟੋਨੀਆ, ਫਿਨਲੈਂਡ, ਫਰਾਂਸ, ਜਰਮਨੀ, ਗ੍ਰੀਸ, ਹੰਗਰੀ, ਇਟਲੀ, ਲਾਤਵੀਆ, ਲਿਥੁਆਨੀਆ, ਲਕਸਮਬਰਗ, ਮਾਲਟਾ, ਨੀਦਰਲੈਂਡ, ਪੋਲੈਂਡ, ਪੁਰਤਗਾਲ, ਆਇਰਲੈਂਡ ਗਣਰਾਜ, ਰੋਮਾਨੀਆ, ਸਲੋਵਾਕੀਆ, ਸਲੋਵੇਨੀਆ, ਸਪੇਨ, ਸਵੀਡਨ ਅਤੇ
- 4 ਹੋਰ ਦੇਸ਼ ਹਨ: ਆਈਸਲੈਂਡ, ਲੀਚਟਨਸਟਾਈਨ, ਨਾਰਵੇ, ਸਵਿਟਜ਼ਰਲੈਂਡ।

## Eurodac ਵਿੱਚ ਕਿਹੜੀ ਜਾਣਕਾਰੀ ਸਟੋਰ ਕੀਤੀ ਜਾਂਦੀ ਹੈ?



ਹੇਠ ਲਿਖੀ ਜਾਣਕਾਰੀ ਹਮੇਸ਼ਾ ਸਟੋਰ ਕੀਤੀ ਜਾਂਦੀ ਹੈ:

- ਤੁਹਾਡੇ ਫਿੰਗਰਪ੍ਰਿੰਟ
- ਤੁਹਾਡੇ ਚਿਹਰੇ ਦਾ ਫ਼ੋਟੋਗ੍ਰਾਫ
- ਸਾਰੇ ਨਾਮ ਜੋ ਤੁਸੀਂ ਹੁਣ ਵਰਤਦੇ ਹੋ ਜਾਂ ਪਹਿਲਾਂ ਵਰਤੇ ਰਹੇ ਹੋ
- ਤੁਹਾਡੀ ਜਨਮ ਮਿਤੀ
- ਤੁਹਾਡਾ ਜਨਮ ਸਥਾਨ
- ਤੁਹਾਡੀ ਕੌਮੀਅਤ ਜਾਂ ਰਾਸ਼ਟ੍ਰੀਯਤਾ
- ਤੁਹਾਡਾ ਲਿੰਗ
- ਪਛਾਣ ਜਾਂ ਯਾਤਰਾ ਦਸਤਾਵੇਜ਼ਾਂ ਦੀਆਂ ਕਾਪੀਆਂ ਜੋ ਤੁਸੀਂ ਵਰਤੀਆਂ ਹਨ, ਜਿੱਥੇ ਉਪਲਬਧ ਹੋਣ, ਉਹਨਾਂ ਦੀ ਪ੍ਰਮਾਣਿਕਤਾ ਬਾਰੇ ਜਾਣਕਾਰੀ ਸ਼ਾਮਿਲ ਹੈ
- ਉਸ ਅਥਾਰਿਟੀਜ਼ ਦੀ ਯੂਜ਼ਰ ਆਈਡੀ ਜਿਸਨੇ ਤੁਹਾਡੇ ਫਿੰਗਰਪ੍ਰਿੰਟ ਅਤੇ ਫੋਟੋ ਲਈ ਸੀ ਅਤੇ ਤੁਹਾਡੇ ਡੇਟਾ ਨੂੰ ਲੈਣ ਅਤੇ ਟ੍ਰਾਂਸਮਿਟ ਕਰਨ ਦੀਆਂ ਮਿਤੀਆਂ
- ਉਸ ਦੇਸ਼ ਜਿੱਥੇ ਤੁਸੀਂ ਅੰਤਰਰਾਸ਼ਟਰੀ ਸੁਰੱਖਿਆ ਲਈ ਅਰਜ਼ੀ ਦਿੱਤੀ ਹੈ
- ਅੰਤਰਰਾਸ਼ਟਰੀ ਸੁਰੱਖਿਆ ਲਈ ਅਰਜ਼ੀ ਦੀ ਮਿਤੀ।

ਹੇਠ ਲਿਖੀ ਜਾਣਕਾਰੀ Eurodac ਵਿੱਚ ਵੀ ਸਟੋਰ ਕੀਤੀ ਜਾਵੇਗੀ ਜਿੱਥੇ ਲੋੜ ਹੋਵੇ:

- ਤੁਹਾਡੀ ਅਰਜ਼ੀ ਦੀ ਜਾਂਚ ਕਰਨ ਲਈ ਜ਼ਿੰਮੇਵਾਰ ਦੇਸ਼
- ਜੇਕਰ ਤੁਹਾਨੂੰ ਮੁੜ ਵਸਾਇਆ ਜਾਂਦਾ ਹੈ, EU+ ਸਥਾਨ ਬਦਲਣ ਵਾਲਾ ਦੇਸ਼
- ਜੇਕਰ ਤੁਹਾਡੀ ਅਰਜ਼ੀ ਰੱਦ ਕਰ ਦਿੱਤੀ ਗਈ ਸੀ ਅਤੇ ਤੁਹਾਨੂੰ EU+ ਦੇਸ਼ਾਂ ਵਿੱਚ ਰਹਿਣ ਦਾ ਅਧਿਕਾਰ ਨਹੀਂ ਹੈ
- ਜੇਕਰ ਤੁਹਾਡੀ ਅਰਜ਼ੀ 'ਤੇ ਸਰਹੱਦੀ ਪ੍ਰੋਸੀਜ਼ਰ ਦੇ ਤਹਿਤ ਵਿਚਾਰ ਕੀਤਾ ਗਿਆ ਸੀ ਅਤੇ ਰੱਦ ਕਰ ਦਿੱਤਾ ਗਿਆ ਸੀ ਜਾਂ ਤੁਹਾਡੀ ਅਰਜ਼ੀ ਨੂੰ ਵਾਪਸ ਲੈ ਲਿਆ ਗਿਆ ਮੰਨਿਆ ਗਿਆ ਹੈ
- ਕਿਸੇ EU+ ਦੇਸ਼ ਦੁਆਰਾ ਤੁਹਾਨੂੰ ਜਾਰੀ ਕੀਤੇ ਗਏ ਕਿਸੇ ਵੀ ਵੀਜ਼ਾ ਬਾਰੇ ਜਾਣਕਾਰੀ
- ਤੁਹਾਡੇ EU+ ਦੇਸ਼ਾਂ ਦੇ ਖੇਤਰ ਨੂੰ ਛੱਡਣ ਦੇ ਕਿਸੇ ਵੀ ਸਮੇਂ ਬਾਰੇ ਜਾਣਕਾਰੀ
- ਇਸ ਬਾਰੇ ਜਾਣਕਾਰੀ ਕਿ ਕੀ ਤੁਸੀਂ ਸਵੈ-ਇੱਛਾ ਨਾਲ ਆਪਣੇ ਦੇਸ਼ ਵਾਪਸ ਜਾਣ ਦੀ ਪੇਸ਼ਕਸ਼ ਸਵੀਕਾਰ ਕੀਤੀ ਹੈ।

ਤੁਹਾਨੂੰ Eurodac ਵਿੱਚ ਸਟੋਰ ਕੀਤੀ ਗਈ ਗਲਤ ਜਾਣਕਾਰੀ ਤੱਕ ਪਹੁੰਚ ਕਰਨ ਅਤੇ ਸੋਧਣ ਦਾ ਅਧਿਕਾਰ ਹੈ ਅਤੇ ਜੇਕਰ ਇਸਨੂੰ ਗੈਰ-ਕਾਨੂੰਨੀ ਢੰਗ ਨਾਲ ਸੰਭਾਲਿਆ ਗਿਆ ਹੈ ਤਾਂ ਆਪਣੀ ਜਾਣਕਾਰੀ ਨੂੰ ਮਿਟਾਉਣ ਦੀ ਬੇਨਤੀ ਕਰਨ ਦਾ ਵੀ ਅਧਿਕਾਰ ਹੈ। ਤੁਸੀਂ ਅਜਿਹਾ ਕਰਨ ਲਈ ਡੇਟਾ ਕੰਟਰੋਲਰ ਨਾਲ ਸੰਪਰਕ ਕਰ ਸਕਦੇ ਹੋ। ਡੇਟਾ ਕੰਟਰੋਲਰ ਦੇ ਸੰਪਰਕ ਵੇਰਵੇ '**Eurodac ਬਾਰੇ ਤੁਹਾਨੂੰ ਕੀ ਜਾਣਨ ਦੀ ਲੋੜ ਹੈ**' ਸਿਰਲੇਖ ਵਾਲੇ ਬਰੋਸ਼ਰ ਵਿੱਚ ਮਿਲ ਸਕਦੇ ਹਨ।

## ਮੇਰਾ ਨਿੱਜੀ ਡੇਟਾ Eurodac ਵਿੱਚ ਕਿੰਨੇ ਲੰਬੇ ਸਮੇਂ ਤਕ ਸਟੋਰ ਕੀਤਾ ਜਾਵੇਗਾ?



ਤੁਹਾਡੀ ਜਾਣਕਾਰੀ 10 ਸਾਲਾਂ ਲਈ ਸਟੋਰ ਕੀਤੀ ਜਾਵੇਗੀ ਅਤੇ ਫਿਰ ਆਪਣੇ ਆਪ ਮਿਟਾ ਦਿੱਤੀ ਜਾਵੇਗੀ।

ਜੇਕਰ ਤੁਸੀਂ ਇਸ ਮਿਆਦ ਦੀ ਸਮਾਪਤੀ ਤੋਂ ਪਹਿਲਾਂ ਕਿਸੇ EU+ ਦੇਸ਼ ਵਿੱਚ ਨਾਗਰਿਕਤਾ ਪ੍ਰਾਪਤ ਕਰਦੇ ਹੋ, ਤਾਂ ਤੁਹਾਡਾ ਡੇਟਾ ਮਿਟਾ ਦਿੱਤਾ ਜਾਵੇਗਾ। ਜੇਕਰ ਤੁਹਾਡਾ ਡੇਟਾ ਮਿਟਾ ਦਿੱਤਾ ਜਾਂਦਾ ਹੈ, ਤਾਂ ਇਹ ਉਸ ਦੇਸ਼ ਵਿੱਚ ਤੁਹਾਡੀ ਸਥਿਤੀ ਨੂੰ ਪ੍ਰਭਾਵਿਤ ਨਹੀਂ ਕਰੇਗਾ ਜਿੱਥੇ ਤੁਹਾਨੂੰ ਨਾਗਰਿਕਤਾ ਮਿਲੀ ਹੈ।

## ਕੀ Eurodac ਵਿੱਚ ਕੋਈ ਹੋਰ ਜਾਣਕਾਰੀ ਸਟੋਰ ਕੀਤੀ ਗਈ ਹੈ?

ਤੁਹਾਡੀ ਸੁਰੱਖਿਆ ਜਾਂਚ ਦਾ ਨਤੀਜਾ ਸਟੋਰ ਕੀਤਾ ਜਾਵੇਗਾ ਜੇਕਰ ਅਥਾਰਿਟੀਜ਼ ਨੂੰ ਪਤਾ ਲੱਗਦਾ ਹੈ ਕਿ ਤੁਸੀਂ:

- ਹਥਿਆਰ ਰੱਖ ਸਕਦੇ ਹੋ
- ਹਿੰਸਕ ਹੋ ਸਕਦੇ ਹੋ
- ਅੱਤਵਾਦ ਦੇ ਅਪਰਾਧਾਂ ਵਿੱਚ ਸ਼ਾਮਲ ਰਹੇ ਹੋ
- ਇੱਕ ਗੰਭੀਰ ਅਪਰਾਧ ਕੀਤਾ ਹੈ ਜਿਸ ਲਈ ਤੁਹਾਨੂੰ ਕਿਸੇ ਹੋਰ EU+ ਦੇਸ਼ ਵਿੱਚ ਗ੍ਰਿਫਤਾਰ ਕੀਤਾ ਜਾ ਸਕਦਾ ਹੈ।

ਅਜਿਹੇ ਮਾਮਲਿਆਂ ਵਿੱਚ, ਇਹ ਮੰਨਿਆ ਜਾਵੇਗਾ ਕਿ ਤੁਸੀਂ ਅੰਦਰੂਨੀ ਸੁਰੱਖਿਆ ਲਈ ਖ਼ਤਰਾ ਪੈਦਾ ਕਰ ਸਕਦੇ ਹੋ। ਇਸ ਨੂੰ ਉੱਪਰ ਦੱਸੇ ਗਏ ਲਾਗੂ ਕਾਰਨ ਜਾਂ ਕਾਰਨਾਂ ਦੇ ਨਾਲ Eurodac ਵਿੱਚ ਸਟੋਰ ਕੀਤਾ ਜਾਵੇਗਾ।

ਜੇਕਰ EU+ ਦੇਸ਼ ਹੁਣ ਤੁਹਾਨੂੰ ਅੰਦਰੂਨੀ ਸੁਰੱਖਿਆ ਲਈ ਖ਼ਤਰਾ ਨਹੀਂ ਮੰਨਦੇ ਹਨ, ਤਾਂ ਇਹ ਜਾਣਕਾਰੀ ਮਿਟਾ ਦਿੱਤੀ ਜਾਵੇਗੀ।

ਤੁਹਾਨੂੰ Eurodac ਵਿੱਚ ਸਟੋਰ ਕੀਤੀ ਗਈ ਗਲਤ ਜਾਣਕਾਰੀ ਤੱਕ ਪਹੁੰਚ ਕਰਨ ਅਤੇ ਸੋਧਣ ਦਾ ਅਧਿਕਾਰ ਹੈ ਅਤੇ ਜੇਕਰ ਇਸਨੂੰ ਗੈਰ-ਕਾਨੂੰਨੀ ਢੰਗ ਨਾਲ ਸੰਭਾਲਿਆ ਗਿਆ ਹੈ ਤਾਂ ਆਪਣੀ ਜਾਣਕਾਰੀ ਨੂੰ ਮਿਟਾਉਣ ਦੀ ਬੇਨਤੀ ਕਰਨ ਦਾ ਵੀ ਅਧਿਕਾਰ ਹੈ। ਤੁਸੀਂ ਅਜਿਹਾ ਕਰਨ ਲਈ ਡੇਟਾ ਕੰਟਰੋਲਰ ਨਾਲ ਸੰਪਰਕ ਕਰ ਸਕਦੇ ਹੋ। ਡੇਟਾ ਕੰਟਰੋਲਰ ਦੇ ਸੰਪਰਕ ਵੇਰਵੇ **'Eurodac ਬਾਰੇ ਤੁਹਾਨੂੰ ਕੀ ਜਾਣਨ ਦੀ ਜਰੂਰਤ ਹੈ'** ਸਿਰਲੇਖ ਵਾਲੇ ਬਰੋਸ਼ਰ ਵਿੱਚ ਮਿਲ ਸਕਦੇ ਹਨ।

EUROPEAN UNION
AGENCY FOR ASYLUM

ਇਹ ਨੋਟ ਸਿਰਫ਼ ਜਾਣਕਾਰੀ ਦੇ ਉਦੇਸ਼ਾਂ ਲਈ ਹੈ। ਇਹ ਆਪਣੇ ਆਪ ਵਿੱਚ ਅਧਿਕਾਰ ਜਾਂ ਜ਼ਿੰਮੇਵਾਰੀਆਂ ਨਹੀਂ ਬਣਾਉਂਦਾ ਹੈ। ਨਾ ਤਾਂ EUAA ਅਤੇ ਨਾ ਹੀ EUAA ਵੱਲੋਂ ਕੰਮ ਕਰਨ ਵਾਲਾ ਕੋਈ ਵੀ ਵਿਅਕਤੀ ਇਸ ਨੋਟ ਬਰੋਸ਼ਰ ਵਿੱਚ ਪਾਈ ਗਈ ਜਾਣਕਾਰੀ ਦੀ ਵਰਤੋਂ ਲਈ ਜ਼ਿੰਮੇਵਾਰ ਹੈ।

© ਯੂਰਪੀਅਨ ਯੂਨੀਅਨ ਏਜੰਸੀ ਫਾਰ ਅਸਾਇਲਮ, 2025